ੴ ਸਤਿਗੁਰ ਪ੍ਰਸਾਦਿ ॥

**ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥**

**ਵਿਸ਼ਾ:- ਜਾਣ ਬੁਝ ਕੇ ਲਿਖੇ ਜਾ ਰਹੇ ਅਤੀਅੰਤ ਦੁਖਦਾਈ ਝੂਠ ਅਤੇ ਬਦਲਾ ਲਊ ਗੁਰਮਤਿ ਵਿਰੋਧੀ ਕਾਰਵਾਈ ਪ੍ਰਤੀ ਹਾਲ ਦੁਹਾਈ:-**

**ਮਈ ੨੧-੫-੨੦੦੩**

ਸਤਿਕਾਰਯੋਗ ਗਿਆਨੀ ਜੋਗਿੰਦਰ ਸਿੰਘ ਜੀ ਜਥੇਦਾਰ (ਕਿ ਸੇਵਾਦਾਰ ?) ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।

**ਵਾਹਿਗੁਰੂ ਜੀ ਕਾ ਖ਼ਾਲਸਾ । ਵਾਹਿਗੁਰੂ ਜੀ** ਕੀ ਫ਼ਤਹਿ ॥

**1- ਨਿਮਰਤਾ ਸਹਿਤ ਬੇਨਤੀ ਹੈ ਕਿ,** ਮਿਤੀ- ੨੨ ਜੁਲਾਈ ੨੦੦੦ ਤੋਂ ਆਰੰਭ ਹੋ ਕੇ ਦਾਸ ਨੇ ਤੁਹਾਨੂੰ ਜਿੰਨੀਆਂ ਵੀ ਚਿਠੀਆਂ ਲਿਖੀਆਂ ਉਨ੍ਹਾਂ ਵਿਚਲੀ ਹਰ ਦਲੀਲ ਗੁਰੂ ਸ਼ਬਦਾਂ ਦੇ ਅਧਾਰ ਤੇ, (ਤੁਹਾਡੇ ਵਲੋਂ ਜਾਰੀ ਹੋਏ ਸੰਘਰਸ਼ ਵਿਚ ਜੂਝਦਾ) ਨਿਰੰਤਰ ਲਿਖਦਾ ਆ ਰਿਹਾ ਹਾਂ। ਆਪ ਜੀ ਦੀ ਸ਼ਾਨ ਨਾਲ ਸਬੰਧਤ ਕੋਈ ਵੀ ਬਚਨ ਦਾਸ ਨੇ ਨਿੱਜ ਮਤਿ ਨਾਲ ਨਹੀਂ ਸਗੋਂ ਸਦਾ ਗੁਰੂ ਸ਼ਬਦਾਂ ਦੇ ਅਧਾਰ ਤੇ ਨਿਰੋਲ ਗੁਰੂਮਤਿ ਅਨੁਸਾਰ ਹੀ ਲਿਖਿਆ ਹੈ। ਏਹੀ ਕਾਰਨ ਹੈ ਕਿ, ਦਾਸ ਦੀਆਂ ਉਨ੍ਹਾਂ ਚਿਠੀਆਂ ਦੀ ਸਚਾਈ ਤੋਂ ਘਬਰਾ ਕੇ, ਅਥਵਾ ਮਜਬੂਰ ਹੋ ਕੇ, ਆਪਣਾ ਉਹ "ਗੁਰਬਿਲਾਸ ਪਾਤਸ਼ਾਹੀ ੬" ਗ੍ਰੰਥ, ਜਿਸ ਦੀ ਪੁਨਰ ਸੰਪਾਦਨਾ ਬੜੀਆਂ ਆਸਾਂ ਉਮੀਦਾਂ ਭਰੀਆਂ ਪੰਥ ਵਿਰੋਧੀ ਸੱਧਰਾਂ ਦੀ ਪੂਰਤੀ ਲਈ ਨਿੱਜ ਮਤਿ ਦੀ ਵਿਉਂਤ ਨਾਲ ਉਚੇਚੇ ਤੌਰ ਤੇ ਤੁਸਾਂ ਤਿਆਰ ਕਰਕੇ ਸਿੱਖ ਜਗਤ ਵਿਚ ਸੁਗਾਤ ਵਜੋਂ ਵੰਡਣਾ ਆਰੰਭ ਕੀਤਾ ਹੋਇਆ ਸੀ, ਆਪਣੇ ਉਸ ਪਰਮ-ਪਿਆਰੇ ਗ੍ਰੰਥ ਨੂੰ ਵਾਪਸ ਲੈਣ ਦੇ ਆਦੇਸ਼ ਤਾਂ ਅਖ਼ਬਾਰਾਂ ਵਿਚ ਛਪਵਾਉਣੇ ਤੁਸਾਂ ਝੱਲ ਲਏ ਸਨ, ਪਰ "**ਘਟੀਆ ਸ਼ਬਦਾਵਲੀ**" ਵਰਤਣ ਦਾ ਦੂਸ਼ਨ ਦਾਸ ਤੇ ਕਦੇ ਨਹੀਂ ਸੀ ਲਾਇਆ। ਹੁਣ ਮਿਤੀ ੧੦-੫-੨੦੦੩ ਨੂੰ ਲਿਖੇ ਹੁਕਮਨਾਮੇ ਦੇ ਹਵਾਲੇ ਨਾਲ ਅਖ਼ਬਾਰਾਂ ਵਿਚ ਛਪੀ ਖ਼ਬਰ ਵਿਚਲੇ ਇਨ੍ਹਾਂ ਬਚਨਾਂ ਪ੍ਰਤੀ "*ਸ: ਗੁਰਬਖ਼ਸ਼ ਸਿੰਘ ਕਾਲਾਅਫ਼ਗਾਨਾ ਨੇ ਪੰਜ ਸਿੰਘ ਸਾਹਿਬਾਨ ਦੇ ਆਦੇਸ਼ ਨੂੰ ਅਣਡਿੱਠੇ ਕਰਕੇ ਉਲਟਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਖ਼ਿਲਾਫ਼ ਆਪਣੇ ਮਿਤੀ ੬-੫-੨੦੦੩ ਦੇ ਪੱਤਰ ਵਿਚ "ਘਟੀਆ ਸ਼ਬਦਾਵਲੀ" ਵਰਤੀ-*" **ਦਾਸ ਜੋ ਕੁਝ ਲਿਖਣਾ ਚਾਹਿਆ ਉਸ ਦੇ ਵਿਚਾਰ ਤੋਂ ਹਿਰਦਾ ਇਸ ਕਾਰਨ ਵਿਸ਼ੇਸ਼ ਪੀੜਾ ਮੰਨ ਰਿਹਾ ਹੈ ਕਿਉਂਕਿ, ਉਪਰੋਕਤ ਬਚਨ** ਪੰਜਾਂ ਸਿੰਘ ਸਾਹਿਬਾਨ ਨੇ ਬੜੀਆਂ ਦੀਰਘ ਵਿਚਾਰਾਂ ਉਪਰੰਤ ਅਜੇਹੇ ਹੁਕਮਨਾਮੇ ਤੇ ਲਿਖੇ ਹਨ ਜਿਸ ਉਤੇ ਤੁਹਾਡੇ ਪੰਜਾਂ ਹੀ ਸਿੰਘ ਸਾਹਿਬਾਨ ਦੇ ਪਾਵਨ ਪਵਿੱਤਰ **ਹਸਤ ਅੱਖਰ** ਹਨ । ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ, "ਇਸ ਹੁਕਮਨਾਮੇ ਵਿਚਲੇ ਉਪਰੋਕਤ ਬਚਨ ਵੀ **ਮਿਤੀ ੨੩-੧੨-੨੦੦੨ ਦੇ ਹੁਕਮਨਾਮੇ ਵਾਂਗ ਹੀ, ਆਪਣੇ ਅਸਲ ਥਾਉਂ ਨਿਖੇੜ ਕੇ ਵਰਤੇ ਹੋਏ, ਭੁਲੇਖਾ ਪਾਊ ਇਕ ਦੁਖਦਾਈ "ਝੂਠ"** ਤੋਂ ਵੱਧ ਹੋਰ ਕੁਝ ਨਹੀ **ਹਨ।** ਮਿਤੀ ੨੩-੧੨-੨੦੦੨ ਤੋਂ ਜਾਰੀ ਕੀਤੇ ਹੁਕਮਨਾਮਿਆਂ ਦੀ ਰੌਸ਼ਨੀ ਵਿਚ ਵਿਚਾਰਿਆਂ ਦਾਸ ਦੇ ਮਨ ਦਾ ਇਹ ਸ਼ੰਕਾ ਹੋਰ ਵੀ ਪੱਕਾ ਹੋ ਗਿਆ ਹੈ ਕਿ, ਇਸ ਪੰਜਵੇ ਹੁਕਮਨਾਮੇ ਵਿਚਲੇ ਉਪਰੋਕਤ ਬਚਨ ਵੀ ਨਿਰੋਲ ਬਦਲਾ ਲਊ ਰੁਚੀ ਅਧੀਨ ਦਾਸ ਨੂੰ ਬਦਨਾਮ ਕਰਨ ਦੀ ਯੋਜਨਾਂ ਅਧੀਂਨ ਹੀ ਲਿਖੇ ਗਏ ਹਨ। ਸੋ, ਇਸ ਅਤੀਅੰਤ ਦੁਖਦਾਈ ਦੇ ਸਥਿਤੀ ਕਾਰਨ ਇਹ ਨਿਮਾਣਾ ਨਿਤਾਣਾ ਦਾਸਰਾ ਹੇਠ ਲਿਖੀ **ਚਨੌਤੀ** ਲਿਖ ਭੇਜਣ ਤੇ ਮਜਬੂਰ ਹੋਇਆ ਹੈ ਜੀ:-

**ਚਨੌਤੀ;- ਪੰਜ ਸਿੰਘ ਸਾਹਿਬਾਨ ਵਾਲੀ ਪੰਚ-ਪਰਮੇਸ਼ਵਰੀ ਪੰਚਾਇਤ ਦੇ ਮੁਖੀ, ਹੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀਓ!** ਸੁਜਾਨ ਗੁਰਮੁਖ ਸੱਣਾ ਦਾ ਇਹ ਨਿਰਣਾ ਕਿ, ਜਿਸ **ਕੁਟਲ ਮੰਤਵ** ਦੀ ਪੂਰਤੀ ਲਈ ਤੁਸਾਂ **ਬਚਨ ਬਦਲੀਆਂ-ਰੂਪ ਪ੍ਰਤੱਖ ਹੇਰਾ ਫੇਰੀਆਂ** ਨਾਲ ਝੂਠ ਤੰਦਾਂ ਦਾ ਏਡਾ ਦੁਖਦਾਈ ਤਾਣਾ ਤਣਿਆ ਹੈ, **ਉਸ ਗਮੰਤਵ** ਦੀ ਪੂਰਤੀ ਤੋਂ ਤੁਹਾਨੂੰ ਸਾਡਾ ਕੋਈ ਵੀ ਚਾਰਾ ਰੋਕ ਨਹੀਂ ਸਕਦਾ । ਫਿਰ ਵੀ "**ਜਬ ਲਗ ਸਾਸ ਤਬ ਲਗ ਆਸ**"-ਕਹਾਵਤ ਅਨੁਸਾਰ, ਜੇ ਆਪ ਜੀ ਦੇ ਪਾਵਨ ਪਵਿੱਤਰ ਵਜੂਦ ਵਿਚ ਸਚਾਈ ਨਾਲ ਅਖੀਆਂ ਮਿਲਾਉਣ ਦੀ ਜ਼ਰਾ ਵੀ ਦਲੇਰੀ ਅਜੇ ਬਚੀ ਹੋਈ ਹੈ, ਅਥਵਾ ਜੇ ਅਜੇ ਤੁਸੀਂ ਸਚਾਈ ਅਤੇ ਨਿਆਂ ਦਾ ਤਿਆਗ ਪੂਰਨ ਤੌਰ ਤੇ ਨਹੀਂ ਕੀਤਾ ਤਾਂ ਮਿਤੀ ੬-੫-੨੦੦੩ ਵਾਲੀ ਉਪਰੋਕਤ ਚਿੱਠੀ (**ਜਿਸ ਦਾ ਜ਼ਿਕਰ ਤੁਸਾਂ ਆਪਣੇ ਹੁਕਮਨਾਮੇ ਵਿਚ ਕੀਤਾ ਹੋਇਆ ਹੈ**), **ਨੂੰ ਅਖ਼ਬਾਰਾਂ ਵਿਚ ਛਪਵਾਉਣ ਦੀ ਦਲੇਰੀ ਕਰ ਵਿਖਾਉ। ਸੁਜਾਨ ਪਾਠਕ ਆਪ ਹੀ ਨਿਰਣਾ ਕਰ ਲੈਣਗੇ ਕਿ, ਕਿਹੜੀ ਧਿਰ** ਆਤਮਕ ਮੌਤੇ ਮਰੀ ਨਿਰੋਲ ਝੂਠ-ਵਿਧੀਆਂ ਦੇ ਸਹਾਰੇ ਮਨਮੁਖਤਾਈ ਦੇ "ਪੂਰਨੇ" ਪਾ ਰਹੀ ਹੈ । ਸਤਿਗੁਰੂ ਗ੍ਰੰਥ ਸਾਹਿਬ ਜੀ ਵਲੋਂ ਨਿਰੰਤਰ ਮਿਲ ਰਹੀ ਚਿਤਾਵਨੀ:-"

> **ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ ॥ ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ ॥ ਦੂਜੈ ਭਾਇ ਜਾਇ ਜਗੁ ਪਰਬੋਧੈ ਬਿਖੁ ਮਾਇਆ ਮੋਹ ਸੁਆਇ ॥ ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ ॥ ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ ॥ ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਤਿਸੁ ਗੁਰ ਕੀ ਸਿਖ ਸੁਣਾਇ ॥** ਹਰਿ ਨਾਮੁ ਧਿਆਵੈ ਹਰਿ ਨਾਮੋ ਗਾਵੈ ਹਰਿ ਨਾਮੋ ਅੰਤਿ ਛਡਾਇ ॥੨॥{੫੧੨}

**2-** **ਵਿਸ਼ੇਸ਼ ਬੇਨਤੀ:**-ਅਪਰੈਲ/ਮਈ ੨੦੦੩ ਵਿਚਲੇ ਅਮਰੀਕਾ ਦੇਸ਼ ਦੇ ਦੌਰੇ ਸਮੇ ਦਾਸ ਦੇ ਹਮਦਰਦਾਂ ਵਲੋਂ (ਸ਼ਿਕਾਗੋ, ਨੀਊਯਾਰਕ, ਸੈਨਹੋਜ਼ੇ ਆਦਿ) ਥਾਵਾਂ ਤੇ ਕੀਤੀ ਇਹ ਬੇਨਤੀ -'**ਕਾਲਾ ਅਫ਼ਗਾਨਾ ਨਾਲ ਏਥੇ ਹੀ ਗਲ ਕਰ ਲਵੋ**' ਤੁਸਾਂ ਇਹ ਕਹਿ ਕੇ ਰੱਦ ਕਰ ਦਿਤੀ ਸੀ ਕਿ ਤੁਸੀਂ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਗਲ ਕਰ ਸਕਦੇ ਹੋ। ਤੁਹਾਡੇ ਇਸ ਬਦਲਾ ਲਊ ਭਾਵਨਾਂ ਗੁਸੇ ਜ਼ਿਦ-ਵਤੀਰੇ ਤੋਂ ਦੁਖੀ ਹੋਏ ਕੁਝ ਗੁਰਮੁਖ ਸੱਜਣਾਂ ਨੇ ਤੁਹਾਡੀ ਇਸ ਬੇਦਲੀਲੀ ਜ਼ਿਦ ਨੂੰ ਪੂਰਾ ਕਰਨ ਦੇ ਵਿਚਾਰ ਨਾਲ ਦਾਸ ਗੁਰਬਖ਼ਸ਼ ਸਿੰਘ ਲਈ ਹਵਾਈ ਜਹਾਜ਼ ਵਿੱਚ ਲੇਟਿਆਂ ਹੀ ਭਾਰਤ ਦੀ ਫੇਰੀ ਦੇ ਪ੍ਰਬੰਧਾਂ ਦਾ ਖ਼ਰਚਾ ਭਰਨ ਦਾ ਫ਼ੈਸਲਾ ਕੀਤਾ ਹੈ। ਪਰ ਇਸ ਜ਼ਰੂਰੀ ਕਾਰਜ ਦੀ ਸਫ਼ਲਤਾ ਲਈ ਆਪ ਜੀ ਨੂੰ ਵੀ ਖੁਲ੍ਹ ਦਿਲੀ ਵਰਤਦਿਆਂ ਜਿਨਾਂ ਗੱਲਾਂ ਦਾ ਪਾਬੰਦ ਰਹਿਣਾ ਪੈਣਾ ਹੈ ਉਨ੍ਹਾਂ ਦਾ ਕਰਮਵਾਰ ਵੇਰਵਾ ਇਸ ਪ੍ਰਕਾਰ ਹੈ ਜੀ:- **(ੳ)**-ਖ਼ਰਚਾ ਝੱਲਣ ਵਲਿਆਂ ਗੁਰਮੁਖ ਸਜਣਾ ਦੇ ਵੀਡੀਉ ਕੈਮਰੇ ਵਾਲਿਆਂ ਦੇ ਸਮੇਤ ਸ: ਗੁਰਤੇਜ ਸਿੰਘ ਜੀ, ਜਨਰਲ ਨਰਿੰਦਰ ਸਿੰਘ ਜੀ (ਉਘੀਆਂ ਗੁਰਮੁਖਿ ਪੰਥ ਦਰਦੀ ਹਸਤੀਆਂ ਜੋ ਮਿਤੀ ੧੦ ਫ਼ਰਵਰੀ ੨੦੦੩ ਨੂੰ ਆਪਣੇ ਸੈਂਕੜੇ ਸਾਥੀਆਂ ਦੇ ਨਾਲ ਤੁਹਾਡੇ ਦਰਸ਼ਨਾ ਦੀ ਉਡੀਕ ਵਿਚ ਸਾਰਾ ਦਿਨ ਬੈਠੇ ਰਹੇ ਪਰ ਤੁਸਾਂ ਦੂਰੋਂ ਦੂਰੋਂ ਪੁਜੀਆਂ ਸੰਗਤਾਂ ਨੂੰ ਲੰਗਰ ਪਾਣੀ ਦੀ ਸੇਵਾ ਤਾਂ ਕੀ ਪੁੱਛਣੀ ਸੀ, **ਅਹੰਕਾਰ ਦੀ ਟੀਸੀ ਤੇ ਬੈਠੇਆਂ** ਨੇ ਤੁਸਾਂ ਉਨ੍ਹਾਂ ਪਤਵੰਤੇ ਗੁਰੁ-ਭਾਈਆਂ ਨੂੰ ਫ਼ਤੇਹਿ ਤੱਕ ਬੁਲਾਉਣ ਦੀ ਲੋੜ ਵੀ ਨਾ ਸੀ ਸਮਝੀ), ਵਿਦੇਸ਼ੋਂ ਪੁਜਣ ਵਾਲੇ ਦਾਸ ਦੇ ਸਾਥੀਆਂ ਦੇ ਅਤੇ ਦੇਸ਼ੀ ਵਿਦੇਸ਼ੀ ਪਤਰਕਾਰਾਂ ਦੇ ਹੁੰਦਿਆਂ ਸ੍ਰੀ ਅਕਾਲ ਤਖ਼ਤ ਤੇ **ਪਰਕਾਸ਼ਮਾਨ** ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਦਾਸ ਨਾਲ **(ਕੇਵਲ ਤੁਹਾਨੂੰ ਅਤੇ ਦਾਸ ਗੁਰਬਖ਼ਸ਼ ਸਿੰਘ ਨੂੰ ਬੋਲਣ ਦੇ ਅਧਿਕਾਰੀ ਮਿਥ ਕੇ) ਖੁੱਲ੍ਹੀਆਂ ਵਿਚਾਰਾਂ, ਕਰਨੀਆਂ ਸਵੀਕਾਰ ਕਰਨ ਦਾ ਬਚਨ**, ਅਤੇ-**(ਅ)**-ਕਿਉਂਕਿ ਦਾਸ ਨੂੰ ਹਵਾਈ ਅੱਡੇ ਤੇ ਹੀ ਗ੍ਰਿਫ਼ਤਾਰ ਕਰ ਲਿਆ ਜਾਣਾ ਹੈ, ਇਸ ਲਈ ਜ਼ਮਾਨਤ ਹੋਣ ਤਕ ਦੇ ਸਮੇਂ ਨੂੰ ਮੁੱਖ ਰਖੱਦਿਆਂ ੧੦ ਜੁਲਾਈ ਵਾਲੀ ਪੇਸ਼ੀ ਦੀ ਤਾਰੀਖ਼ ਵਧਾਉਣ ਦੀ ਪਰਵਾਨਗੀ ਆਦਿ, ਸਭ ਕੁਝ ਲਿਖਤੀ ਰੂਪ ਵਿਚ ਭੇਜ ਦਿਉ" ਅਤੇ- **(ੲ)**-ਕਥਿਤ ਘਟੀਆਂ ਸ਼ਬਦਾਵਲੀ ਵਾਲੀ ਮਿਤੀ ੬-੫-੨੦੦੩ ਦੀ ਚਿਠੀ ਅਖ਼ਬਾਰਾਂ ਵਿਚ ਤੁਰੰਤ ਛਪਵਾਈ ਜਾਵੇ। ਇਨ੍ਹਾਂ ਯੋਗ ਮੰਗਾਂ ਦੀ ਪਰਵਾਨਗੀ ਉਪਰੰਤ ਦਾਸ **ਆਪ ਜੀ ਦੀਆਂ ਸਾਰੀਆਂ ਸੱਧਰਾਂ ਪੂਰੀਆਂ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋਣ ਲਈ ਬਚਨ-ਬੱਧ ਹੁੰਦਾ ਹੈ ਜੀ-**

**3-** ਪੰਜਾਂ ਸਿੰਘ ਸਾਹਿਬਾਨ ਸਮੇਤ ਕਿਸੇ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ, ਵਡੀ ਤੋਂ ਵਡੀ ਪਦਵੀ ਦਾ ਜਲਾਲ ਵੀ ਦੂਜਿਆਂ ਦੇ ਮਨਾਂ-ਹਿਰਦਿਆਂ ਵਿਚ ਪਦਵੀ ਮਾਣ ਰਹਿਆਂ ਪ੍ਰਤੀ, ਸੱਚੇ ਸਤਿਕਾਰ ਦੀ ਭਾਵਨਾ ਪੈਦਾ ਨਹੀਂ ਕਰ ਸਕਦਾ। ਪਦਵੀ ਤੇ ਬੈਠੇ ਵਿਅਕਤੀ ਦੇ ਨਿੱਜੀ ਸ਼ੁੱਭ ਗੁਣਾ ਦੀ ਬਦੌਲਤ ਹੀ ਆਮ ਲੋਕਾਂ ਵਿਚ ਸਤਿਕਾਰ ਦੀ ਭਾਵਨਾਂ ਜਨਮ ਲਿਆ ਕਰਦੀ ਹੈ। ਗੁਰੂ ਫ਼ੁਰਮਾਨ- "**ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ॥**""ਜੇ ਸ੍ਰੀ ਅਕਾਲ ਤਖ਼ਤ ਤੇ ਬੈਠੇ ਪੰਜ ਸਿੰਘ ਸਾਹਿਬਾਨ "**ਗੁਰਮਤਿ ਬੁਧਿ**" ਵਾਲੇ ਅੰਮ੍ਰਿਤ-ਮਈ ਜੀਵਨ ਤੋਂ ਸੱਖਣੇ ਹੋਣ ਤਾਂ ਉਨ੍ਹਾਂ ਪ੍ਰਤੀ ਦਰਸਾਇਆ ਸਾਰਾ ਅਦਬ-ਸਤਿਕਾਰ ਕੇਵਲ ਝੋਲੀ-ਚੁੱਕਾਂ ਵਾਲਾ ਝੂਠ ਵਿਖਾਵਾ ਅਥਵਾ ਹਉਮੈ ਨੂੰ ਪੱਠੇ ਪਾ ਰਹੀ ਨਿੰਦਾ-ਤੁੱਲ ਬਿਵਰਜਿਤ "ਉਸਤਤਿ" ਹੀ ਹੈ--ਗੁਰੂ ਫ਼ੁਰਮਾਨ-"**ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥**"{੧੧੨੩} ਸੰਤ ਸੂਰਮਿਆਂ ਦੇ ਪੰਥ ਵਿਚ ਸੱਚੇ ਗੁਰਮੁਖ ਨਿਆਕਰਾਂ ਵਾਲੀ ਅਤੇ ਅੰਮ੍ਰਿਤਮਈ ਜੀਵਨ ਜੁਗਤ ਦੀ ਜ਼ਰੂਰੀ ਲੋੜ ਨਾ ਸਮਝੀ ਜਾਣੀ, ਅੱਜੋਕੀ ਵਡੀ ਪੰਥਕ-ਬਦਕਿਸਮਤੀ ਬਣ ਚੁੱਕੀ ਹੈ।

ਸੰਸਾਰ ਦੇ ਕੇਵਲ ਮਾਤ੍ਰ ਸਾਂਝੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ, ਕਦੇ ਨਿਆਰੇ ਰਹਿ ਚੁੱਕੇ ਖ਼ਾਲਸਾ ਪੰਥ ਦੀ ਗੁਆਚ ਰਹੀ ਆਭਾ ਸੰਬੰਧੀ ਕੁਝ ਜ਼ਰੂਰੀ ਗੁਰਮਤਿ ਵਿਚਾਰਾਂ ਅੱਡਰੇ ਪੱਤਰ ਵਿਚ ਲਿਖ ਭੇਜਣ ਦੀ ਆਗਿਆਂ ਚਾਹੁੰਦਾ ਹੋਇਆ, ਇਸ ਜੋਦੜੀ ਪੱਤਰ ਨੂੰ ਲਿਖਣ ਸਮੇ ਹੋਈਆਂ ਭੁੱਲਾਂ ਦੀ ਖਿਮਾ ਮੰਗਦਾ ਹਾਂ। ਗੁਰਮਤਿ ਅਨੁਸਾਰ ਜੀਵਨ ਬਤੀਤ ਕਰ ਰਹੇ ਗੁਰਮੁਖਾਂ ਦੀ ਚਰਨ ਧੂੜ- (ਚਲਦਾ)

**ਦਾਸਰਾ**



**ਕਾਲਾ ਅਫ਼ਗਾਨਾ**